# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿਖਿਆ ਭਵਨ ਈ ਬਲਾਕ,ਪੰਜਵੀਂ ਮੰਜ਼ਿਲ, ਫੇਜ਼-8, ਅਜੀਤਗੜ੍ਹ, ਫ਼ੋਨ ਨੰ:172-5212319
ਈ-ਮੇਲ: hoictadm @gmail.com

ਹੁਕਮ ਨੰ:5/6-ICT-2016/Leave/Lwp /੧੭੫੧੪ ਮਿਤੀ: ੦੧.12.2016

ਵੱਲ:

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਮੁੱਖੀ,
ਪੰਜਾਬ

ਵਿਸ਼ਾ:- ਪਿਕਟਸ ਸੁਸਾਇਟੀ ਅਧੀਨ ਕੰਮ ਕਰਦੇ ਕੰਪਿਊਟਰ ਫੈਕਲਟੀਆਂ ਦੀਆਂ ਛੁੱਟੀਆਂ ਸਬੰਧੀ।

ਹਵਾਲਾ:- ਹੁਕਮ ਨੰ:5/6-ICT-2015/Leave/Lwp /201515291, ਮਿਤੀ: 18.09.2015

ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲ ਮੁੱਖੀਆਂ ਵੱਲੋਂ ਮਿਤੀ 18.09.2015 ਨੂੰ ਇਸ ਦਫਤਰ ਵੱਲੋਂ ਜਾਰੀ ਕੀਤੇ ਪੱਤਰ (ਨਾਲ ਨੱਥੀ) ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਸ ਲਈ ਆਪ ਨੂੰ ਦੋਬਾਰਾ ਪੱਤਰ ਜਾਰੀ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਮਿਤੀ 18.09.2015 ਅਨੁਸਾਰ ਜਾਰੀ ਪੱਤਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਹਵਾਲਾ ਅਧੀਨ ਪੱਤਰ ਵਿੱਚ ਦਰਜ ਲੜੀ ਨੰ. 5 ਅਨੁਸਾਰ ਸਕੂਲ ਮੁੱਖੀ ਕੰਪਿਊਟਰ ਫੈਕਲਟੀਆਂ ਦੀ ਅਚਨਚੇਤ ਛੁੱਟੀ ਮੰਜੂਰ ਕਰ ਸਕਦੇ ਹਨ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਡਿਪਟੀ ਐਸ.ਪੀ.ਡੀ.
ਪੰਜਾਬ ਆਈ.ਸੀ.ਟੀ,ਐਜੂਕੇਸ਼ਨ ਸੁਸਾਇਟੀ
ਪੰਜਾਬ

ਦਫਤਰ ਜਿਲ੍ਹਾ ਸਿੱਖਿਆ (ਸੈ.ਸਿ.) ਬਠਿੰਡਾ

ਪੱਤਰ ਨੰ: ਆਈ.ਸੀ.ਟੀ./2016/ਜਨਰਲ/ 2214 ਮਿਤੀ: 19.12.2016

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

19/12/16
ਜਿਲਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿਖਿਆ ਭਵਨ ਈ ਬਲਾਕ,ਪੰਜਵੀਂ ਮੰਜ਼ਿਲ, ਫੇਜ਼-8, ਅਜੀਤਗੜ੍ਹ, ਫ਼ੋਨ ਨੰ:172-5212319
ਈ-ਮੇਲ: hoictadm @gmail.com

ਹੁਕਮ ਨੰ:5/6-ICT-2015/Leave/Lwp / 2015/5291 ਮਿਤੀ: 18.09.2015

ਵੱਲ:

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਮੁੱਖੀ,
ਪੰਜਾਬ

ਵਿਸ਼ਾ:- ਪਿਕਟਸ ਸੁਸਾਇਟੀ ਅਧੀਨ ਕੰਮ ਕਰਦੇ ਕੰਪਿਊਟਰ ਫੈਕਲਟੀਆਂ ਦੀਆਂ ਛੁੱਟੀਆਂ ਆਨ-ਲਾਈਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪਿਕਟਸ ਅਧੀਨ ਸੇਵਾ ਨਿਭਾ ਰਹੇ ਕੰਪਿਊਟਰ ਫੈਕਲਟੀਆਂ ਦੀਆਂ ਛੁੱਟੀਆਂ ਸਬੰਧੀ ਕਾਰਵਾਈ ਨੂੰ ਆਨਲਾਈਨ ਕਰਨ ਦੇ ਸਬੰਧ ਵਿੱਚ 'epunjab school portal' ਤੇ link ਮੁਹੱਈਆ ਕਰ ਦਿੱਤਾ ਗਿਆ ਹੈ ਜਿਸ ਬਾਰੇ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਹਦਾਇਤਾਂ ਕੀਤੀਆਂ ਜਾਂਦੀਆਂ ਹਨ:-

1. ਇਨ੍ਹਾਂ ਛੁੱਟੀਆਂ ਵਿੱਚ ਬਿਨ੍ਹਾਂ ਤਨਖਾਹ ਛੁੱਟੀਆਂ ਦੇ ਕੇਸ ਵਿੱਚ ਕੰਪਿਊਟਰ ਫੈਕਲਟੀਆਂ ਦੀ 15 ਦਿਨਾਂ ਦੀ ਬਿਨ੍ਹਾ ਤਨਖਾਹ ਛੁੱਟੀ ਮੰਜੂਰ ਕਰਨ ਲਈ ਸਮਰੱਥ ਅਧਿਕਾਰੀ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਹੋਣਗੇ ਅਤੇ ਇਸ ਤੋਂ ਉਪਰ ਦੀ ਛੁੱਟੀ ਲਈ ਕਾਰਵਾਈ ਮੁੱਖ ਦਫਤਰ ਪੱਧਰ ਤੇ ਕੀਤੀ ਜਾਵੇਗੀ।
2. ਵਿਦੇਸ਼ ਜਾਣ ਲਈ ਬਿਨ੍ਹਾਂ ਤਨਖਾਹ ਛੁੱਟੀ ਦੇ ਸਬੰਧ ਵਿੱਚ ਲੋੜੀਂਦੇ ਦਸਤਾਵੇਜ਼ ਪ੍ਰਿੰਸੀਪਲ ਪੱਧਰ ਤੇ ਚੈੱਕ ਕਰਕੇ ਇਸ ਸਬੰਧੀ ਤਸਦੀਕ ਕੀਤਾ ਜਾਵੇਗਾ ਕਿ ਲੋੜੀਂਦੇ ਦਸਤਾਵੇਜ਼ ਚੈੱਕ ਕਰ ਲਏ ਹਨ। ਸਕੂਲ ਮੁੱਖੀ ਵੱਲੋਂ ਕੇਸ ਅਗਲੇਰੀ ਕਾਰਵਾਈ ਲਈ ਯੋਗ ਪ੍ਰਣਾਲੀ ਰਾਹੀਂ ਮੁੱਖ ਦਫਤਰ ਵਿਖੇ ਭੇਜਿਆ ਜਾਵੇਗਾ।
3. ਪ੍ਰਸੂਤਾ ਛੁੱਟੀ ਸਬੰਧੀ ਕਾਰਵਾਈ ਮੁੱਖ ਦਫਤਰ ਪੱਧਰ ਤੇ ਕੀਤੀ ਜਾਵੇਗੀ, ਪਰ ਇਸ ਸਬੰਧੀ ਦਸਤਾਵੇਜ਼ ਸਕੂਲ ਮੁੱਖੀ ਵੱਲੋਂ ਚੈੱਕ ਕੀਤੇ ਜਾਣਗੇ।
4. ਹਾਲ ਦੀ ਘੜੀ ਛੁੱਟੀ ਆਨਲਾਈਨ ਕਰਨ ਦੇ ਨਾਲ ਬੇਨਤੀ ਪੱਤਰ ਦੀ ਹਾਰਡ ਕਾਪੀ ਨਾਲ ਨੱਥੀ ਕੀਤੀ ਜਾਵੇ ਅਤੇ ਇਸ ਦੇ ਨਾਲ ਆਨਲਾਈਨ ਭਰੇ ਪ੍ਰਫਾਰਮੇ ਦੀ ਕਾਪੀ ਵੀ ਨੱਥੀ ਕੀਤੀ ਜਾਵੇ। ਆਨਲਾਈਨ ਪ੍ਰਫਾਰਮੇ ਦੀ ਹਾਰਡ ਕਾਪੀ ਨੱਥੀ ਕੀਤੇ ਬਿਨ੍ਹਾਂ ਬੇਨਤੀ ਪੱਤਰ ਸਵੀਕਾਰਿਆ ਨਹੀਂ ਜਾਵੇਗਾ।
5. ਉਪਰੋਕਤ ਛੁੱਟੀਆਂ ਤੋਂ ਇਲਾਵਾ ਕੰਪਿਊਟਰ ਫੈਕਲਟੀਆਂ ਦੀ ਅਚਨਚੇਤ ਛੁੱਟੀ ਸਕੂਲ ਪੱਧਰ ਤੇ ਹੀ ਮੰਜ਼ੂਰ ਕੀਤੀ ਜਾਵੇ।

ਉਪਰੋਕਤ ਛੁੱਟੀਆਂ ਸਬੰਧੀ ਕਾਰਵਾਈ ਵੱਖ-ਵੱਖ ਪੱਧਰ ਤੇ ਹੇਠ ਲਿਖੇ ਅਨੁਸਾਰ ਹੋਵੇਗੀ:-

| ਲੜੀ ਨੰ. | ਛੁੱਟੀਆਂ ਦੀ ਕਿਸਮ | ਛੁੱਟੀ ਮੰਜ਼ੂਰ ਕਰਨ ਦਾ ਪੱਧਰ | ਅਗਲੇਰੀ ਕਾਰਵਾਈ ਹਿੱਤ ਛੁੱਟੀ ਲਈ ਕੀਤੀ ਬੇਨਤੀ Higher Authority ਨੂੰ ਭੇਜਣ ਦਾ ਸਮਾਂ |
|---|---|---|---|
| 1. | ਪ੍ਰਸੂਤਾ ਛੁੱਟੀ | ਡਿਪਟੀ ਐਸ.ਪੀ.ਡੀ. (ਆਈ.ਸੀ.ਟੀ.) | ਸਕੂਲ ਮੁੱਖੀ = 3 ਦਿਨ<br>ਜਿਲ੍ਹਾ ਸਿਖਿਆ ਅਫਸਰ (ਸੈ.ਸਿ) = 7 ਦਿਨ |
| 2. | ਵਿਦੇਸ਼ ਜਾਣ ਸਬੰਧੀ | ਮੁੱਖ ਦਫਤਰ | ਸਕੂਲ ਮੁੱਖੀ = 7 ਦਿਨ<br>ਜਿਲ੍ਹਾ ਸਿਖਿਆ ਅਫਸਰ (ਸੈ.ਸਿ) = 7 ਦਿਨ<br>ਮੁੱਖ ਦਫਤਰ = 1 ਮਹੀਨਾ |
| 3. | ਬਿਨ੍ਹਾਂ ਤਨਖਾਹ ਛੁੱਟੀ | ਜਿਲ੍ਹਾ ਸਿਖਿਆ ਅਫਸਰ(ਸੈ.ਸਿ) = 15 ਦਿਨ<br>ਮੁੱਖ ਦਫਤਰ = 15 ਦਿਨ ਤੋਂ ਵੱਧ | ਸਕੂਲ ਮੁੱਖੀ = 3 ਦਿਨ<br>ਜਿਲ੍ਹਾ ਸਿਖਿਆ ਅਫਸਰ (ਸੈ.ਸਿ) =7 ਦਿਨ<br>ਮੁੱਖ ਦਫਤਰ = 1 ਮਹੀਨਾ |

(i) ਜੇਕਰ ਕੋਈ ਅਧਿਕਾਰੀ ਨਿਰਧਾਰਤ ਸਮੇਂ ਵਿੱਚ ਇਹ ਛੁੱਟੀ ਪ੍ਰਵਾਨਗੀ ਹਿੱਤ ਸਮਰੱਥ ਅਧਿਕਾਰੀ ਨੂੰ ਨਹੀ ਭੇਜਦਾ ਤਾਂ ਇਹ ਛੁੱਟੀ ਸਾਫਟਵੇਅਰ ਵਿੱਚ ਆਪਣੇ ਆਪ ਅਗਲੇ ਪੱਧਰ ਤੇ ਚਲੀ ਜਾਵੇਗੀ ਅਤੇ ਅਣਗਹਿਲੀ ਸਬੰਧੀ ਨਿਰੋਲ ਜਿੰਮੇਵਾਰੀ ਸਬੰਧਤ ਅਧਿਕਾਰੀ ਦੀ ਹੋਵੇਗੀ।

(ii) ਉਪਰੋਕਤ ਸਬੰਧੀ ਜੇਕਰ ਕਿਸੇ ਪ੍ਰਕਾਰ ਦੀ ਕੋਈ query ਹੋਵੇ ਤਾਂ MIS Wing ਦੇ helpline no. 0172-5212318 ਜਾਂ 0172-5212332 ਤੇ ਸੰਪਰਕ ਕੀਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 18.09.2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ/ਆਈ.ਸੀ.ਟੀ. ਕੁਆਰਡੀਨੇਟਰ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ